# ਦਫਤਰ ਜਿਲਾ ਸਿਖਿਆ ਅਫਸਰ(ਸੈ ਸਿ) ਬਠਿੰਡਾ

**Room No.455, Mini Secretariate, 3rd floor,**

ਮੇਲ ਆਈ ਡੀ deosebathinda@punjab education.gov.in

ਵੱਲ,

ਸਮੂਹ ਸਕੂਲ ਮੁਖੀ,
ਜਿਲ੍ਹਾ ਬਠਿੰਡਾ।

ਪੱਤਰ ਨੰ: ਅ-7/1 ( )2023/
ਮਿਤੀ: 01.03.2023

ਵਿਸ਼ਾ: ਸੈਸ਼ਨ 2023-24 ਲਈ ਦਾਖਲਾ ਮੁਹਿੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਸਿੱਖਿਆ ਵਿਭਾਗ ਸੈਸਨ 2023-24 ਲਈ ਦਾਖਲਾ ਮੁਹਿੰਮ ਦਾ ਅਗਾਜ ਕਰ ਚੁੱਕਾ ਹੈ। ਇਸ ਲਈ ਸਾਡਾ ਸਭ ਦਾ ਇਹ ਫਰਜ ਬਣਦਾ ਹੈ ਕਿ ਅਸੀਂ ਹਰ ਸੰਭਵ ਉਪਰਾਲਾ ਕਰਕੇ ਆਪਣੀਆਂ ਸੰਸਥਾਵਾਂ ਵਿਚ ਵੱਧ ਤੋਂ ਵੱਧ ਵਿਦਿਆਰਥੀਆਂ ਦਾ ਦਾਖਲਾ ਕਰਵਾਈਏ। ਦਾਖਲੇ ਸਬੰਧੀ ਜਿਥੇ ਅਸੀ ਪ੍ਰਾਈਵੇਟ ਸੰਸਥਾਵਾਂ ਦੇ ਬੱਚਿਆਂ ਨੂੰ ਵੱਧ ਤੋਂ ਵੱਧ ਸਕੂਲ ਵਿਚ ਦਾਖਲ ਕਰਨ ਲਈ ਉਪਰਾਲੇ ਕਰਨੇ ਹਨ, ਉਥੇ ਹਰ ਸਕੂਲ ਵਲੋਂ ਆਪਣੇ ਫੀਲਡ ਦੇ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਦਾ 100 ਪ੍ਰਤੀਸ਼ਤ ਦਾਖਲਾ ਵੀ ਯਕੀਨੀ ਬਣਾਇਆ ਜਾਵੇ। ਇਸ ਦਾਖਲੇ ਲਈ ਹੇਠ ਲਿਖੇ ਅਨੁਸਾਰ ਉਪਰਾਲੇ ਕੀਤੇ ਜਾਣ

1. ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਨਾਲ ਲੱਗਦੇ ਪ੍ਰਾਇਮਰੀ ਸਕੂਲਾਂ ਵਿਚ ਆਪ ਜਾਂ ਆਪਣੇ ਸਕੂਲ ਦੇ ਅਧਿਆਪਕਾਂ ਦੀ ਟੀਮ ਭੇਜ਼ ਕੇ ਪੰਜਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਮਿਲਣ ਅਤੇ ਇਹਨਾਂ ਵਿਦਿਆਰਥੀਆਂ ਨੂੰ ਸਕੂਲ ਵਿਜਿਟ ਕਰਵਾਇਆ ਜਾਵੇ। ਸਕੂਲ ਵਿਜਿਟ ਦੌਰਾਨ ਲੈਬਜ, ਪ੍ਰੋਜੈਕਟਰ, ਲਾਇਬਰੇਰੀ ਆਦਿ ਵਿਸ਼ੇਸ ਰੁਪ ਵਿਚ ਦਿਖਾਈ ਜਾਵੇ। ਇਹਨਾਂ ਵਿਦਿਆਰਥੀਆਂ ਨੂੰ ਪੰਜਵੀਂ ਜਮਾਤ ਦੇ ਪੇਪਰ ਹੁੰਦੇ ਸਾਰ ਹੀ 6ਵੀਂ ਜਮਾਤ ਵਿਚ ਦਾਖਲਾ ਲੈਣ ਸਬੰਧੀ ਪ੍ਰੇਰਿਤ ਕੀਤਾ ਜਾਵੇ। ਨੇੜੇ ਦੇ ਪ੍ਰਾਇਮਰੀ ਸਕੂਲ ਦੇ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦੀ ਸੂਚੀ ਲਈ ਜਾਵੇ ਅਤੇ ਉਸ ਅਨੁਸਾਰ ਉਹਨਾਂ ਦਾ ਦਾਖਲਾ ਆਪਣੇ ਸਕੂਲ ਵਿਚ ਕੀਤਾ ਜਾਵੇ।

2. ਹਾਈ ਸਕੂਲ ਆਪਣੇ ਨੇੜਲੇ ਮਿਡਲ ਸਕੂਲ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਲੋਂ ਆਪਣੇ ਨੇੜਲੇ ਮਿਡਲ ਅਤੇ ਹਾਈ ਸਕੂਲਾਂ ਦੇ ਵਿਦਿਆਰਥੀਆਂ ਨਾਲ ਰਾਬਤਾ ਜਰੂਰ ਰੱਖਿਆ ਜਾਵੇ।

3. ਮਿਤੀ 04.03.2023 ਤੋ ਨਾਨ-ਬੋਰਡ ਜਮਾਤਾਂ ਦੇ ਪੇਪਰ ਸੁਰੂ ਹੋ ਰਹੇ ਹਨ, ਜਿਹਨਾਂ ਸਟਾਫ ਮੈਬਰਜ਼ ਦੀ ਡਿਊਟੀ ਪੇਪਰਾਂ ਵਿਚ ਨਹੀਂ ਲਗਾਈ ਜਾਂਦੀ ਹੈ, ਉਹਨਾਂ ਅਧਿਆਪਕਾਂ ਵਲੋਂ ਬੱਚਿਆਂ ਦੇ ਮਾਪਿਆਂ ਨਾਲ ਡੋਰ-ਟੂ-ਡੋਰ ਜਾ ਕੇ ਸੰਪਰਕ ਕੀਤਾ ਜਾਵੇ।

4. ਆਪਣੇ ਸਕੂਲ ਵਿਚ ਪੜ੍ਹ ਰਹੇ ਵਿਦਿਆਰਥੀਆਂ ਤੋਂ ਪ੍ਰਾਈਵੇਟ ਸਕੂਲਾਂ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੀ ਸੂਚਨਾ ਲੈਣ ਉਪਰੰਤ ਉਹਨਾਂ ਦੇ ਮਾਪਿਆਂ ਨਾਲ ਵੀ ਸੰਪਰਕ ਕੀਤਾ ਜਾਵੇ ਤਾਂ ਜ਼ੋ ਵੱਧ ਤੋਂ ਵੱਧ ਸਰਕਾਰੀ ਸਕੂਲਾਂ ਵਿਚ ਦਾਖਲਾ ਹੋ ਸਕੇ।

5. ਜਿਹੜੇ ਸਰਕਾਰੀ ਸਕੂਲਾਂ ਵਿਚ ਪ੍ਰੀਖਿਆ ਕੇਂਦਰ ਬਣਾਏ ਗਏ ਹਨ ਅਤੇ ਇਹਨਾਂ ਸਕੂਲਾਂ ਵਿਚ ਪ੍ਰਾਈਵੇਟ ਸਕੂਲਾਂ ਦੇ ਜਿਹੜੇ ਵਿਦਿਆਰਥੀ ਪੇਪਰ ਦੇਣ ਆਉਂਦੇ ਹਨ, ਉਹਨਾਂ ਵਿਦਿਆਰਥੀਆਂ ਨੂੰ ਸਕੂਲ ਵਿਜਿਟ ਕਰਵਾਇਆ ਜਾਵੇ ਅਤੇ ਉਹਨਾਂ ਨੂੰ ਆਪਣੇ ਸਕੂਲ ਦੀਆਂ ਵਿਸ਼ੇਸ਼ਤਾਵਾਂ ਬਾਰੇ ਵੀ ਦੱਸਿਆ ਜਾਵੇ।

6. ਜਿਹਨਾਂ ਸਕੂਲਾਂ ਵਿਚ ਦਾਖਲਾ ਬੂਥ ਲੱਗੇ ਹਨ ਇਸ ਨੂੰ ਨਾਲ ਲੱਗਦੇ ਪ੍ਰਾਇਮਰੀ ਸਕੂਲ ਦੀ ਸਹਾਇਤਾ ਨਾਲ ਲਗਾਇਆ ਜਾਵੇ।

ਉਕਤ ਤੋਂ ਇਲਾਵਾ ਦਾਖਲਾ ਮੁਹਿੰਮ ਨੂੰ ਵੱਧ ਤੋਂ ਵੱਧ ਸੋਸ਼ਲ ਮੀਡੀਆ/ਪੈਂਫਲਿਟ ਰਾਹੀ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ।

01/03/2023

ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:),
ਬਠਿੰਡਾ।